# ਜੈਤੋ ਮੋਰਚੇ ਦੇ ਸ਼ਹੀਦੀ ਜੱਥੇ ਦੀ ਟਹਿਲ ਸੇਵਾ ਕਰਨ ਦੇ ਜੁਰਮ 'ਚ ਭਗਤ ਸਿੰਘ ਦੇ ਪਹਿਲੇ ਵਾਰੰਟ ਹੋਏ ਸਨ ਜਾਰੀ: ਅਪ੍ਰੈਲ 1924

ਮਲਵਿੰਦਰ ਜੀਤ ਸਿੰਘ ਵੜੈਚ

## ਭੂਮਿਕਾ:

ਜੈਤੋ ਮੋਰਚੇ ਦੀ ਗਦਰ ਸੁਧਾਰ ਲਹਿਰ ਅੰਦਰ ਇੱਕ ਨਿਵੇਕਲੀ ਹੀ ਪਛਾਣ ਹੈ, ਕਿਉਂਕਿ ਨਾਂ ਸਿਰਫ ਇਹ ਆਪਣੇ ਆ.ਗਾਜ਼ ਪੱਖੋਂ ਹੀ ਵਿਲਖਣ ਸੀ ਬਲਕਿ ਏਸ ਵਿੱਚ ਉੱਚ ਕੋਟੀ ਦੇ ਪੰਡਤ ਜਵਾਹਰ ਲਾਲ ਨਹਿਰੂ ਵਰਗੇ ਪ੍ਰਸਿੱਧ ਕੌਮੀ ਆਗੂਆਂ ਦੀ ਸਮੂਲੀਅਤ ਸਦਕਾ ਇਹ ਕੌਮੀ ਅੰਦੋਲਨ ਦਾ ਅਨਿਖੜਵਾਂ ਅੰਗ ਵੀ ਹੋ ਨਿਬੜਿਆ ਸੀ। ਇਸੇ ਤੋਂ ਇਲਾਵਾ ਭਗਤ ਸਿੰਘ ਵਰਗੇ ਇਨਕਲਾਬੀ ਵਿਚਾਰਧਾਰਾ ਨੂੰ ਸਮਰਪਤ ਨੌਜਵਾਨ ਦੀ ਇੱਕ ਨਿਰੋਲ ਧਾਰਮਿਕ ਲਹਿਰ ਵਿੱਚ ਸਮੂਲੀਅਤ  ਕਰਕੇ ਪਹਿਲੀ ਰੂਪੋਸ਼ੀ ਸਹੇੜਨਾ ਵੀ ਉਹਦੀ ਵਿਸ਼ਾਲ ਚੇਤਨਤਾ ਦਾ ਪ੍ਰਤੱਖ ਪ੍ਰਮਾਣ ਹੈ, ਹਾਲਾਂਕਿ ਉਹਨੇ ਇਸ ਮੋਰਚੇ ਤੋਂ ਤਿੰਨ-ਚਾਰ ਸਾਲ ਪਹਿਲਾਂ ਵੀ 1920 ਦੇ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਪਿੱਛੋਂ 5 ਮਾਰਚ ਨੂੰ ਇਸੇ ਸਾਕੇ ਦੀ ਯਾਦਗਾਰੀ ਕਾਨਫਰੰਸ 'ਚ ਨਾ ਕੇਵਲ ਹਾਜ਼ਰੀ ਹੀ ਭਰੀ ਸੀ, ਬਲਕਿ ਉਹ ਨੇ ਸਿੱਖ ਸੰਗਤਾਂ ਵਾਂਗ ਕਾਲੀ ਦਸਤਾਰ ਸਜਾਉਣ ਤੋਂ ਇਲਾਵਾ ਗੁਰਮੁੱਖੀ ਵਿੱਚ ਮੁਹਾਰਤ ਵੀ ਹਾਸਲ ਕੀਤੀ ਸੀ, ਜੋ ਉਹ ਪਹਿਲਾਂ ਬਿਲਕੁਲ ਨਹੀਂ ਸੀ ਜਾਣਦਾ ਅਤੇ ਉਥੋਂ ਯਾਦਗਾਰੀ ਕੈਲੰਡਰ ਲਿਆਉਣੋਂ ਵੀ ਨਹੀਂ ਸੀ ਖੁੰਝਿਆ।

ਐਨ ਮੁਮਕਿਨ ਹੈ ਕਿ ਸ਼ਹੀਦੀ ਜਥੇ ਦੀ ਆਉ ਭਗਤ ਕਰਦਾ ਹੋਇਆ ਭਗਤ ਸਿੰਘ ਭਲੀ-ਭਾਂਤ ਸਚੇਤ ਸੀ ਕਿ ਇਹਦੇ ਬਦਲੇ ਉਹ ਨੂੰ ਜੇਲ੍ਹ ਜਾਣਾ ਹੀ ਪਵੇਗਾ, ਖਾਸ ਕਰਕੇ ਇਸ ਵਜਾ ਕਰਕੇ ਕਿ ਉਹਨਾਂ ਦਾ ਆਪਣਾ ਹੀ 'ਸ਼ਰੀਕ' ਦਿਲਬਾਗ ਸਿੰਘ, ਜੋ ਸਰਕਾਰ ਕੋਲ ਹਮੇਸ਼ਾ ਇਹ ਦਾਅਵਾ ਕਰਦਾ ਆਇਆ ਸੀ, "ਸਾਡੇ ਪਿੰਡ 'ਚ ਮੇਰੀ ਰਜ਼ਾ ਬਿਨਾ ਪਤਾ ਵੀ ਨਹੀਂ ਹਿਲ ਸਕਦਾ", ਜਿਸਨੂੰ ਪੁਗਾਉਣ ਲਈ ਉਹਨੇ ਅੱਡੀ-ਚੋਟੀ ਦਾ ਜੋਰ ਵੀ ਲਾਇਆ ਸੀ। ਉਹਨੇ ਆਪਣੀ 'ਨਮੋਸ਼ੀ' ਦਾ ਬਦਲਾ ਤਾਂ ਲੈਣਾ ਹੀ ਸੀ, ਇਸ ਲਈ ਭਗਤ ਸਿੰਘ ਲਾਜ਼ਮੀ ਤੌਰ ਤੇ ਰਫ਼ੂ ਚੱਕਰ ਹੋ ਈ ਗਿਆ ਹੋਵੇਗਾ।

ਏਸ ਵਰਤਾਰੇ ਬਾਰੇ ਚਰਚਾ ਕਰਦਿਆਂ ਇਹ ਵੀ ਕੁਥਾਏ ਨਹੀਂ ਹੋਵੇਗਾ ਕਿ ਭਗਤ ਸਿੰਘ ਕੁੱਝ ਕੁ ਮਹੀਨੇ ਪਹਿਲਾਂ ਹੀ ਆਪਣੇ ਘਰ ਦਿਆਂ ਵੱਲੋਂ 'ਰੂਪੋਸ਼ੀ' ਤੋਂ ਵਾਪਸ ਪਰਤਿਆ ਸੀ ਜਿਸ ਦੌਰਾਨ ਉਹ ਕਾਨਪੁਰ ਵਿਖੇ ਐਚ.ਐਸ.ਆਰ. ਦੇ ਗਠਣ ਤੇ ਨਾਲ ਹੀ ਉਹਦੀਆਂ 'ਵਾਰਦਾਤਾਂ' ਵਿੱਚ ਵੀ ਵੱਧ-ਚੜ੍ਹ ਕੇ ਸ਼ਾਮਲ ਰਹਿ ਚੁਕਿਆ ਸੀ। ਇੱਕ ਗੱਲ ਹੋਰ — ਭਗਤ ਸਿੰਘ ਦੇ ਇਨਕਲਾਬੀ ਜੀਵਨ ਵਿੱਚ ਉਹਦੀ 1927 ਵਾਲੀ ਪਹਿਲੀ ਗ੍ਰਿਫਤਾਰੀ ਇੱਕ ਮੀਲ ਪੱਥਰ ਵੱਜੋਂ ਪ੍ਰਸਿੱਧ ਹੈ। ਸ਼ਾਇਦ ਇੱਕ ਤਾਂ ਉਹਦੀ ਲੁਭਾਉਣੀ ਮੰਜੇ ਵਾਲੀ ਫੋਟੋ ਕਰਕੇ ਅਤੇ ਉਸ ਗ੍ਰਿਫਤਾਰੀ ਦਾ 'ਮੈਂ ਨਾਸਤਕ ਕਿਉਂ ਹਾਂ' ਨਾਲ ਜੋੜ ਮੇਲ ਕਰਕੇ, ਪਰ ਘੱਟੋ ਘੱਟ ਇੱਕ ਪੱਖੋ ਇਹ ਵਾਕਿਆ ਵੀ ਕੁਝ ਘੱਟ ਗੋਲਣਯੋਗ ਨਹੀਂ ਕਿਉਂਕਿ ਇਹ ਉਦੋਂ ਵਾਪਰਿਆ ਸੀ ਜਦੋਂ ਕਿ ਅਜੇ ਭਗਤ ਸਿੰਘ ਕੇਵਲ 16-17 ਸਾਲ ਦਾ, ਭਾਵ ਨਾਬਾਲ.ਗ ਹੀ ਸੀ।

## ਮੋਰਚੇ ਦਾ ਆ.ਗਾਜ਼: ਮਹਾਰਾਜ ਰਿਪੁਦਮਨ ਸਿੰਘ ਦੀ ਬਾਰਤਰਫ਼ੀ

ਮਹਾਰਾਜ ਰਿਪਦਮਨ ਸਿੰਘ ਦਾ ਜਨਮ ਪਿਤਾ, ਮਹਾਰਾਜਾ ਹੀਰਾ ਸਿੰਘ ਅਤੇ ਮਾਤਾ, ਰਾਣੀ ਜਸਮੇਰ ਕੌਰ ਦੀ ਕੁਖੋਂ 4 ਮਾਰਚ 1883 ਨੂੰ ਹੋਇਆ ਸੀ। ਆਪ ਦੀ ਸਿੱਖਿਆ ਪ੍ਰਸਿੱਧ ਵਿਦਵਾਨ ਤੇ ਖੋਜੀ ਭਾਈ ਕਾਨ੍ਹ ਸਿੰਘ ਜੀ ਨਾਭਾ ਦੀ ਦੇਖ-ਰੇਖ ਵਿੱਚ ਹੋਈ ਸੀ ਅਤੇ ਮਸਤੂਆਣੇ ਵਾਲੇ ਮਹਾਂਪੁਰਸ਼ ਸੰਤ ਅਤਰ ਸਿੰਘ ਜੀ, ਆਦਿ ਧਰਮੀ ਹਸਤੀਆਂ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ, ਜਿਸ ਕਰਕੇ ਆਪ 'ਤੇ ਸਿੱਖ ਧਰਮ, ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਡੂੰਘਾ ਪ੍ਰਭਾਵ ਸੀ।

ਸੰਨ 1906 ਤੋਂ 1908 ਈ. ਤੱਕ ਟਿੱਕਾ ਰਿਪੁਦਮਨ ਸਿੰਘ ਜੀ ਗਵਰਨਰ ਜਨਰਲ (ਵਾਇਸਰਾਏ) ਦੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ; ਕੌਂਸਲ ਦੇ ਮੈਂਬਰ ਹੁੰਦਿਆਂ ਆਪ ਨੇ ਸਰਕਾਰੀ ਮੈਂਬਰਾਂ ਦੀ ਹਮਾਇਤ ਕਰਨ ਦੀ ਥਾਂ ਨੈਸ਼ਨਲਿਸਟ ਮੈਂਬਰਾਂ — ਜੀ.ਕੇ. ਗੋਖਲੇ, ਆਰ.ਬੀ.ਘੋਸ਼, ਪੰਡਿਤ ਮਦਨ ਮੋਹਨ ਮਾਲਵੀਆ, ਆਦਿ ਦਾ ਸਾਥ ਦਿੱਤਾ, ਜਿਸ ਕਰਕੇ ਆਪ ਹਿੰਦ ਸਰਕਾਰ ਦੀਆਂ ਅੱਖਾਂ ਵਿੱਚ ਰੜਕਣ ਲੱਗੇ ਸਨ।

ਉਦੋਂ ਤੋਂ ਹੀ ਆਪ ਦੇ ਦਿਲ ਵਿੱਚ ਦੇਸ਼ ਦੀ ਆਜ਼ਾਦੀ ਲਈ ਤੜਪ ਤੇ ਅੰਗ੍ਰੇਜ਼ੀ ਸਰਕਾਰ ਦੀ ਗੁਲਾਮੀ ਵਿਰੁੱਧ ਭਾਰੀ ਘਿਰਣਾ ਸੀ। ਆਪਣੇ ਪਿਤਾ, ਮਹਾਰਾਜਾ ਹੀਰਾ ਸਿੰਘ ਜੀ ਦੇ ਅਕਾਲ–ਚਲਾਣੇ ਪਿੱਛੋਂ ਜਨਵਰੀ 1912 ਵਿੱਚ, ਰਾਜ–ਗੱਦੀ ਸੰਭਾਲਣ ਸਮੇਂ ਵੀ, ਬਣ ਚੁੱਕੇ ਰਿਵਾਜ ਦੇ ਉਲਟ, ਕਿਸੇ ਅੰਗ੍ਰੇਜ ਅਧਿਕਾਰੀ ਦੇ ਹੱਥੋਂ ਤਾਜਪੋਸ਼ੀ ਦੀ ਰਸਮ ਕਰਵਾਉਣ ਦੀ ਥਾਂ ਸਿੱਖ ਰੀਤੀ ਨੂੰ ਅਪਣਾਇਆ, ਜਿਸ ਕਰਕੇ ਅੰਗ੍ਰੇਜ਼ ਸਰਕਾਰ ਆਪ ਨੂੰ ਬਾਗੀ ਸਮਝਣ ਲੱਗ ਪਈ।

ਆਪ ਵਿਰੁੱਧ 1914–15 ਈ. ਦੇ ਗਦਰੀ ਦੇਸ਼–ਭਗਤਾਂ ਨਾਲ ਹਮਦਰਦੀ ਰੱਖਣ ਦੀਆਂ ਰਿਪੋਟਾਂ ਵੀ ਸਰਕਾਰ ਪਾਸ ਪਹੁੰਚੀਆਂ। ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਸਰਕਾਰ ਅਕਾਲੀਆਂ ਦੇ ਵਿਰੁੱਧ ਸੀ। ਨਨਕਾਣਾ ਸਾਹਿਬ ਦੇ ਸਾਕੇ ਦੇ ਸ਼ਹੀਦਾਂ ਦੀ ਯਾਦ ਵਿੱਚ 5 ਅਪ੍ਰੈਲ 1921 ਦੇ ਦਿਨ ਲਈ ਸ਼੍ਰੋਮਣੀ ਕਮੇਟੀ ਵੱਲੋਂ, ਸਿੱਖ ਸੰਗਤਾਂ ਨੂੰ ਸੀਸ 'ਤੇ ਕਾਲੇ ਰੰਗ ਦੇ ਦਸਤਾਰੇ ਜਾਂ ਦੁਪੱਟੇ ਸਜਾਉਣ ਅਤੇ ਥਾਂ–ਥਾਂ ਦੀਵਾਨ ਕੀਤੇ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣ ਦੀ, ਅਪੀਲ ਕੀਤੀ ਗਈ। ਸਿੱਖ ਮਹਾਰਾਜਿਆਂ ਵਿੱਚੋਂ ਸ਼ਾਇਦ ਇੱਕੋ ਮਹਾਰਾਜਾ ਰਿਪੁਦਮਨ ਸਿੰਘ ਜੀ ਹੀ ਸਨ, ਜਿਨ੍ਹਾਂ ਨੇ ਇਸ ਅਪੀਲ 'ਤੇ ਅਮਲ ਕਰਦਿਆਂ ਆਪਣੇ ਸੀਸ 'ਤੇ ਕਾਲੀ ਦਸਤਾਰ ਸਜਾਈ ਅਤੇ ਸਰਕਾਰੀ ਫੁਰਮਾਨ ਰਾਹੀਂ ਉਸ ਦਿਨ ਕੁਲ ਦਫ਼ਤਰ ਬੰਦ ਰੱਖਣ ਦੀ ਹਦਾਇਤ ਕਰ ਦਿੱਤੀ ਗਈ ਸੀ।

ਹਿੰਦ ਸਰਕਾਰ ਸ਼ੋਮਣੀ ਕਮੇਟੀ ਤੋਂ ਬਹੁਤ ਔਖੀ ਸੀ ਤੇ ਮਹਾਰਾਜ ਤੋਂ ਵੀ ਪਹਿਲਾਂ ਤੋਂ ਹੀ ਵਿਰੁੱਧ ਸੀ, ਪਰ ਉਹ ਸਿੱਧਾ ਵਾਰ ਕਰਨ ਦੀ ਥਾਂ ਮੌਕੇ ਦੀ ਉਡੀਕ ਕਰ ਰਹੀ ਸੀ, ਜੋ ਉਸ ਨੂੰ ਨਾਭਾ ਅਤੇ ਪਟਿਆਲਾ ਦੇ ਮਹਾਰਾਜਿਆਂ ਦੇ ਘਰੋਗੀ ਝਗੜੇ ਵਿੱਚੋਂ ਮਿਲ ਗਿਆ। ਦੋਵੇਂ ਮਹਾਰਾਜੇ ਇੱਕੋ ਹੀ ਖ਼ਾਨਦਾਨ ਬਾਬਾ ਫੂਲ ਦੇ ਵੰਸ਼ ਵਿੱਚੋਂ ਸਨ ਅਤੇ ਸਿੱਖ ਪੰਥ ਦਾ ਅੰਗ ਸਨ। ਸ਼੍ਰੋਮਣੀ ਕਮੇਟੀ ਦੇ ਹੋਰ ਬਾਰਸੂਖ ਸੱਜਣਾਂ ਨੇ ਝਗੜੇ ਨੂੰ ਮੁਕਾਉਣ ਦਾ ਯਤਨ ਕੀਤਾ ਪਰ ਸਰਕਾਰ ਨੇ ਦੋਹਾਂ ਦੇ ਅਹਿਲਕਾਰਾਂ ਨੂੰ ਅੰਦਰ–ਖਾਤੇ ਆਪਣੇ ਨਾਲ ਢੰਢ ਲਿਆ। ਉਨ੍ਹਾਂ ਨੇ ਦੋਹਾਂ ਵਿਚਕਾਰ ਪਾੜ ਇਤਨਾ ਵਧਾਇਆ ਕਿ ਉਹ ਇੱਕ ਦੂਜੇ ਦੇ ਲਹੂ ਦੇ ਤਿਹਾਏ ਹੋ ਗਏ। ਪਟਿਆਲਾ ਨਰੇਸ਼ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ, ਮਹਾਰਾਜਾ ਨਾਭਾ ਵਿਰੁੱਧ ਕਈ ਸੰਗੀਨ ਦੋਸ਼ ਲਾ ਕੇ ਹਿੰਦ ਸਰਕਾਰ ਪਾਸ ਦਖ਼ਲ ਦੇਣ ਲਈ ਦਰਖ਼ਾਸਤ ਕੀਤੀ ਗਈ। ਸਰਕਾਰੀ ਏਜੰਟਾਂ ਨੇ ਚਤਰਾਈ ਨਾਲ ਮਹਾਰਾਜਾ ਨਾਭਾ ਨੂੰ ਸਰਕਾਰ ਪਾਸੋਂ ਫੈਸਲਾ ਕਰਵਾ ਲੈਣ ਲਈ ਮਨਾ ਲਿਆ। ਸੰਨ 1922 ਦੇ ਅਖੀਰ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਇੱਕ ਜੱਜ ਨੇ ਪੜਤਾਲ ਕਰ ਕੇ ਮਹਾਰਾਜਾ ਨਾਭਾ ਦੇ ਵਿਰੁੱਧ ਫ਼ੈਸਲਾ ਦਿੱਤਾ। ਜੁਲਾਈ 1923 ਵਿੱਚ ਮਹਾਰਾਜਾ ਸਾਹਿਬ 'ਤੇ ਦਬਾਅ ਪਾ ਕੇ ਗੱਦੀ ਛੱਡ ਕੇ ਗੁਜ਼ਾਰਾ ਲੈ ਲੈਣ ਦੀ ਲਿਖਤ ਲੈ ਲਈ। ਮਹਾਰਾਜਾ ਨਾਭਾ ਨੂੰ ਤਿੰਨ ਲੱਖ ਰੁਪਏ ਸਾਲਾਨਾ ਗੁਜ਼ਾਰਾ ਦੇ ਕੇ ਦੇਹਰਾਦੂਨ ਭੇਜ ਦਿੱਤਾ ਤੇ ਰਿਆਸਤ ਦੇ ਪ੍ਰਬਧ ਵਾਸਤੇ ਇੱਕ ਅੰਗ੍ਰੇਜ਼ ਐਡਮਿਨੀਸਟ੍ਰੇਟਰ (ਪ੍ਰਬੰਧਕ) ਦੀ ਨਿਯੁਕਤੀ ਕਰ ਦਿੱਤੀ।

ਸਰਕਾਰ ਦੀ ਇਸ ਕਾਰਵਾਈ ਨਾਲ ਸਿੱਖ ਪੰਥ ਵਿੱਚ ਭਾਰੀ ਰੋਸ ਫੈਲ ਗਿਆ ਤੇ ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਸਾਹਿਬ ਨਾਲ ਹਮਦਰਦੀ ਤੇ ਉਨ੍ਹਾਂ ਨੂੰ ਮੁੜ ਨਾਭੇ ਦੀ ਗੱਦੀ ਦੀ ਪ੍ਰਾਪਤੀ ਲਈ ਪਾਠ ਤੇ ਅਰਦਾਸੇ ਕੀਤੇ ਗਏ। ਜੈਤੋ ਵਿਖੇ ਹੋ ਰਹੇ ਇੱਕ ਦੀਵਾਨ ਵਿੱਚ 27 ਅਗਸਤ 1923 ਨੂੰ ਮਹਾਰਾਜ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ, ਫਿਰ 14 ਸਤੰਬਰ 1923 ਨੂੰ ਗੁਰਦੁਆਰਾ ਗੰਗਸਰ ਅੰਦਰ ਹੋ ਰਹੇ ਅਖੰਡ ਪਾਠ ਨੂੰ ਖੰਡਤ ਕਰ ਦਿੱਤਾ ਗਿਆ, ਜਿਸ ਦੇ ਫਲਸਰੂਪ 14 ਸਤੰਬਰ 1923 ਤੋਂ ਬਾਕਾਇਦਾ, ਅਕਾਲੀ ਲਹਿਰ ਦਾ ਸਭ ਤੋਂ ਵੱਡਾ, ਜੈਤੋ ਦਾ ਮੋਰਚਾ ਸ਼ੁਰੂ ਹੋ ਗਿਆ।

## ਮੋਰਚੇ ਦੀ ਮੋਰਚਾਬੰਦੀ

ਇਸ ਮੋਰਚੇ ਦੀ ਵਾਗਡੋਰ ਅਕਾਲ ਤਖਤ ਨੂੰ ਸੌਂਪ ਦਿੱਤੀ ਗਈ, ਜਿਸ ਅਧੀਨ ਸ਼ਾਂਤ-ਮਈ ਸਿੱਖ ਸਤਿਆਗ੍ਰਹੀਆਂ ਦੇ ਪੰਜ-ਪੰਜ ਸੌ ਦੇ ਜ਼ਿਲੇਵਾਰ ਜੱਥੇ ਜੈਤੋ ਵੱਲ ਵਹੀਰਾਂ ਘੱਤ ਕੇ, ਉਥੇ ਖੰਡਤ ਹੋਇਆ ਅਖੰਡ-ਪਾਠ ਆਰੰਭ ਕਰਨ ਲਈ ਚਾਲੇ ਪਾਉਣ ਲੱਗ ਪਏ। ਇਨ੍ਹਾਂ ਸਤਿਆਗ੍ਰਹੀਆਂ ਤੇ ਗੋਲੀ ਚਲਾਈ ਗਈ, ਲਾਠੀ-ਚਾਰਜ ਕੀਤਾ ਗਿਆ, ਤਸ਼ੱਦਦ ਹੋਇਆ ਪਰ ਪੰਜਾਬ 'ਚੋਂ ਹੀ ਨਹੀਂ, ਭਾਰਤ ਅਤੇ ਵਿਦੇਸ਼ਾਂ ਵਿੱਚੋਂ ਵੀ ਸਿੱਖਾਂ ਨੇ ਇਸ ਅੰਦੋਲਨ ਵਿੱਚ ਵੱਧ ਚੜ੍ਹਕੇ ਭਾਗ ਲਿਆ।

ਇਸ ਮੋਰਚੇ ਦੇ ਪੰਜਵੇਂ ਜੱਥੇ ਨੇ ਲਾਇਲਪੁਰ ਤੋਂ 12 ਅਪ੍ਰੈਲ 1924 ਨੂੰ ਚੱਲ ਕੇ ਮੋਰਚੇ ਦੇ ਮੁੱਖ ਕੇਂਦਰ ਅੰਮ੍ਰਿਤਸਰ ਵਿਖੇ 26 ਅਪ੍ਰੈਲ ਨੂੰ ਪਹੁੰਚਣਾ ਸੀ।

> **ਸਰਕਾਰੀ ਰਿਕਾਰਡ ਅਨੁਸਾਰ**... "ਭਗਤ ਸਿੰਘ ਚੱਕ ਨੰਬਰ 105 ਪਹੁੰਚਿਆ ਜਿਥੇ ਉਸ ਦੇ ਪਿਤਾ ਦੀ ਜ਼ਮੀਨ ਸੀ ਅਤੇ ਉਥੇ ਉਸ ਨੇ ਲਾਇਲਪੁਰ ਦੇ ਸ਼ਹੀਦੀ ਜੱਥੇ ਦੀ ਟਹਿਲ-ਸੇਵਾ ਕੀਤੀ ਜਿਸ ਦੇ ਸਿੱਟੇ ਵਜੋਂ ਉਸ ਵਿਰੁੱਧ ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ, ਧਾਰਾ 17 (1) ਅਧੀਨ ਮੁਕੱਦਮਾ ਦਰਜ ਕੀਤਾ ਗਿਆ, ਪਰ ਉਹ ਭਗੌੜਾ ਹੋ ਗਿਆ। ਇਸ ਸਮੇਂ ਉਹ ਉੱਤਰ-ਪ੍ਰਦੇਸ਼ ਚਲਾ ਗਿਆ ਜਿਥੇ ਉਹ ਲਗਭਗ ਇੱਕ ਮਹੀਨਾ ਕਾਨਪੁਰ ਵਿੱਚ ਰਿਹਾ, ਜਿਥੇ ਉਹ ਹਸਰਤ ਮੋਹਾਨੀ ਨੂੰ ਮਿਲਿਆ। ਉਥੋਂ ਉਹ ਅਲੀਗੜ੍ਹ ਚਲਿਆ ਗਿਆ ਜਿਥੇ ਉਹ ਨੈਸ਼ਨਲ ਮੁਸਲਿਮ ਯੂਨੀਵਰਸਿਟੀ ਸਕੂਲ ਦਾ ਤਿੰਨ ਮਹੀਨ ਹੈਡਮਾਸਟਰ ਵਜੋਂ ਕਾਰਜ ਕਰਦਾ ਰਿਹਾ।"

ਕਿਉਂਕਿ ਹਰੇਕ ਜੱਥਾ ਜੈਤੋ ਵੱਲ ਪੈਦਲ ਹੀ ਜਾਂਦਾ ਸੀ, ਸੋ ਆਪਣੇ ਲੰਮ ਸਫਰ ਵਿੱਚ ਇਸ ਨੂੰ ਹਰ ਵਾਰੀ ਕਿਸੇ ਨਵੀਂ ਥਾਂ ਭੋਜਨ ਅਤੇ ਆਰਾਮ ਲਈ ਠਹਿਰਣਾ ਪੈਂਦਾ ਸੀ ਤੇ ਜੱਥੇ ਦੀ ਗਿਣਤੀ ਦੇ ਮੱਦੇਨਜ਼ਰ ਉਸ ਲਈ ਅਗਾਉਂ ਪ੍ਰਬੰਧ ਕੀਤੇ ਜਾਂਦੇ ਸਨ। ਇਸ ਮਕਸਦ ਲਈ, ਸਰਦਾਰ ਕਰਤਾਰ ਸਿੰਘ ਅਤੇ ਸਰਦਾਰ ਜਵਾਲਾ ਸਿੰਘ ਨੇ ਜਿਹੜੇ ਮੋਰਚੇ ਦੇ ਆਗੂ ਸਨ, ਸਰਦਾਰ ਕਿਸ਼ਨ ਸਿੰਘ ਕੋਲ ਲਾਹੌਰ ਗਏ ਅਤੇ ਪਿੰਡ ਵਿੱਚ ਜੱਥੇ ਲਈ ਲੋੜੀਂਦੇ ਪ੍ਰਬੰਧ ਕਰਨ ਦੀ ਬੇਨਤੀ ਕੀਤੀ। ਬੇਸ਼ਕ ਉਸ ਨੇ ਸਾਰਾ ਪ੍ਰਬੰਧ ਆਪ ਹੀ ਕੀਤਾ ਹੁੰਦਾ, ਪਰ ਪਹਿਲਾਂ ਹੀ ਬਣੇ ਪ੍ਰੋਗ੍ਰਾਮ ਅਨੁਸਾਰ ਉਨ੍ਹਾਂ ਬੰਬਈ ਜਾਣਾ ਸੀ, ਸੋ ਉਨ੍ਹਾਂ ਨੇ ਇਹ ਜ਼ਿਮੇਵਾਰੀ, ਆਪਣੇ ਲਗਭਗ ਸਤਾਰ੍ਹਾਂ ਸਾਲਾਂ ਦੇ ਲੜਕੇ, ਭਗਤ ਸਿੰਘ ਨੂੰ ਸੌਂਪੀ। ਦੂਜੇ ਪਾਸੇ ਇਸੇ ਪਰਿਵਾਰ 'ਚੋਂ ਹੀ ਇਸ ਉਪਰਾਲੇ ਦਾ ਕਟਰ ਵਿਰੋਧੀ ਸੀ ਦਿਲਬਾਗ਼ ਸਿੰਘ, ਜਿਸ ਨੂੰ ਆਨਰੇਰੀ ਮੈਜਿਸਟ੍ਰੇਟ ਦੀ ਪਦਵੀ ਮਿਲੀ ਹੋਈ ਸੀ, ਜੋ ਅੰਗ੍ਰੇਜ਼ੀ ਹਕੂਮਤ ਆਪਣੇ ਪਿਠੂਆਂ ਨੂੰ ਦਿਆ ਕਰਦੀ ਸੀ; ਉਹ ਸਰਕਾਰ ਕੋਲ ਆਪਣੇ ਆਪ ਨੂੰ ਇਸ ਇਲਾਕੇ ਦਾ ਕਰਤਾ-ਧਰਤਾ ਦੱਸਿਆ ਕਰਦਾ ਸੀ ਅਤੇ ਡੀਂਗਾ ਮਾਰਿਆ ਕਰਦਾ ਸੀ ਕਿ ਉਸ ਦੀ ਮਰਜ਼ੀ ਤੋਂ ਬਿਨਾ ਇਲਾਕੇ ਵਿੱਚ ਪਤਾ ਵੀ ਨਹੀਂ ਸੀ ਹਿਲ ਸਕਦਾ।

ਭਾਵੇਂ ਦਿਲੋਂ ਤਾਂ ਲੋਕੀ ਅੰਦੋਲਨ ਦੇ ਪੱਖ ਵਿੱਚ ਸਨ, ਪਰ ਉਹ ਸਰਕਾਰ ਦੀ ਨਾਰਾਜ਼ਗੀ ਤੋਂ ਤੇ ਪੁਲਿਸ ਤੋਂ ਇਲਾਵਾ ਬਹੁਤਾ ਦਿਲਬਾਗ ਸਿੰਘ ਜਿਹੇ ਬੰਦਿਆਂ ਤੋਂ ਡਰਦੇ ਵੀ ਸਨ, ਕਿਉਂਕਿ ਉਹਨਾਂ ਨੂੰ ਸਰਕਾਰ ਸਬੰਧੀ ਜਦੋਂ ਵੀ ਕੋਈ ਮੁਸ਼ਕਿਲ ਬਣਦੀ ਸੀ ਤਾਂ ਉਹ ਦਿਲਬਾਗ ਸਿੰਘ ਜਿਹਾਂ ਦੀ ਹੀ ਮਦਦ ਲੈਂਦੇ ਸਨ; ਲੋਕਾਂ ਦਾ ਡਰ ਉਦੋਂ ਅਸਲੀਅਤ ਵਿੱਚ ਬਦਲ ਗਿਆ, ਜਦੋਂ ਉਨ੍ਹਾਂ ਨੇ ਪੁਲਿਸ ਦੀਆਂ ਹੇੜਾਂ ਨੂੰ ਪਿੰਡ ਦੇ ਆਲੇ-ਦੁਆਲੇ ਮੰਡਰਾਉਂਦੇ ਵੇਖਿਆ।

ਜੱਥੇ ਦੇ ਪਹੁੰਚਣ ਵਾਲੇ ਦਿਨ ਸਤਾਰ੍ਹਾਂ ਸਾਲਾਂ ਦੇ ਨੌਜਵਾਨ ਭਗਤ ਸਿੰਘ ਨੇ ਨਾ ਕੇਵਲ ਇੱਕ ਖੁਲ੍ਹੀ ਥਾਂ ਤੇ ਜੱਥੇ ਨੂੰ ਲੰਗਰ ਹੀ ਛਕਾਇਆ, ਸਗੋਂ ਸ਼ਹੀਦਾਂ ਦੀ ਕੁਰਬਾਨੀ ਤੇ ਜੋਸ਼ੀਲਾ ਭਾਸ਼ਣ ਵੀ ਦਿੱਤਾ।

ਆਸ ਅਨੁਸਾਰ ਇਸ ਕਾਰਵਾਈ ਨੂੰ ਦਿਲਬਾਗ ਸਿੰਘ ਨੇ ਆਪਣੇ ਮਾਣ-ਸਤਿਕਾਰ ਦਾ ਅਪਮਾਨ ਸਮਝਿਆ ਅਤੇ ਭਗਤ ਸਿੰਘ ਨੂੰ ਜੇਲ੍ਹ ਵਿੱਚ ਬੰਦ ਕਰਵਾਉਣ ਦੀ ਮਨਸ਼ਾ ਨਾਲ ਉਸ ਵਿਰੁੱਧ ਉਪਰੋਕਤ ਮੁਕੱਦਮਾ ਦਰਜ ਕਰਵਾ ਦਿੱਤਾ ਸੀ।

ਗੁਰਦੁਆਰਾ ਸੁਧਾਰ ਲਹਿਰ ਸਬੰਧੀ ਅੰਦੋਲਨ ਦੇ ਅਪ੍ਰੈਲ 1925 ਵਿੱਚ ਮੁੱਕਣ ਤੇ ਜਦੋਂ ਸਾਰੇ ਸਤਿਆਗ੍ਰਹੀ ਰਿਹਾਅ ਕਰ ਦਿੱਤੇ ਗਏ ਤਾਂ ਵੀ ਭਗਤ ਸਿੰਘ ਦੇ ਵਾਰੰਟ ਵਾਪਸ ਨਹੀਂ ਲਏ ਗਏ, ਕਿਉਂਕਿ ਦਿਲਬਾਗ ਸਿੰਘ ਦੇ ਅਸਰ-ਰਸਖ ਕਾਰਨ ਇਹ ਵਾਰੰਟ ਵਾਪਸ ਨਹੀਂ ਲਏ ਜਾ ਰਹੇ ਸਨ, ਜੋ ਕਿਤੇ 1925 ਦੇ ਅਖ਼ੀਰ ਵਿੱਚ ਹੀ ਜਾਕੇ ਮਨਸੂਖ਼ ਹੋਏ ਸਨ।

ਖੁਫ਼ੀਆ ਏਜੰਸੀ ਦੀਆਂ ਉਸ ਵੇਲੇ ਦੀ ਉਕਤ ਰਿਪੋਰਟ ਅਨੁਸਾਰ ਸਰਕਾਰ ਨੂੰ ਸ਼ੱਕ ਸੀ ਕਿ ਭਗਤ ਸਿੰਘ ਨੇ ਲਾਹੌਰ ਵਿੱਚ ਫਰਵਰੀ 1925 ਵਿੱਚ ਸਰਕਾਰ ਵਿਰੁੱਧ ਇਸ਼ਤਿਹਾਰ ਵੰਡੇ ਸਨ ਅਤੇ ਉਸ ਨੇ ਅਕਤੂਬਰ 1925 ਵਿੱਚ ਗੁਜਰਾਂਵਾਲੇ ਵਿਖੇ ਇੱਕ ਰਾਜਨੀਤਿਕ ਨਾਟਕ ਵਿੱਚ ਵੀ ਭਾਗ ਲਿਆ ਸੀ। ਇਹ ਵੀ ਦੱਸਿਆ ਜਾਂਦਾ ਹੈ ਕਿ ਫ਼ਰਾਰੀ ਦੌਰਾਨ ਭਗਤ ਸਿੰਘ ਨੇ ਨਹਿਰੀ ਪਾਣੀ ਦੀਆਂ ਦਰਾਂ ਵਧਾਉਣ ਵਿਰੁੱਧ ਜ਼ਿਮੀਦਾਰ ਸਭਾ ਦੇ ਅੰਦੋਲਨ ਵਿੱਚ ਵੀ ਭਾਗ ਲਿਆ ਸੀ।

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੂਲਾ 134109
ਫੋਨ: 0172-2556314
ਈਮੇਲ: mjswaraich29@gmail.com